Serial Number ↓



0000664



Roll No. .....

Total No. of Questions : **25**

Total No. of Printed Pages : **8**

P-912

High School, Examination (Regular) - 2020

पंजाबी (सामान्य)

PUNJABI (General)

Time : **3** Hours] [Maximum Marks : **100**

ਨਿਰਦੇਸ਼ :

(1) ਸਾਰੇ ਪ੍ਰਸ਼ਨ ਜਰੂਰੀ ਹਨ । ਭਾਸ਼ਾ ਸ਼ੁੱਧ ਅਤੇ ਸਪੱਸ਼ਟ ਹੋਣੀ ਚਾਹੀਦੀ ਹੈ ।

(2) ਪ੍ਰਸ਼ਨ 1 ਤੋ 4 ਵਸਤੂਨਿਸ਼ਟ ਹਨ ਪ੍ਰਸ਼ਨ 1 ਤੋ 3 ਅੱਠ ਅੰਕ ਦੇ ਹਨ । ਪ੍ਰਸ਼ਨ 4 ਇਕ ਅੰਕ ਦਾ ਹੈ ।

(3) 2 ਅੰਕ - ਸ਼ਬਦ ਸੰਖਿਆ 30 ।

3 ਅੰਕ - ਸ਼ਬਦ ਸੰਖਿਆ 35-45 ।

4 ਅੰਕ - ਸ਼ਬਦ ਸੰਖਿਆ 45 ਤੋ 60 ।

5 ਅੰਕ - ਸ਼ਬਦ ਸੰਖਿਆ 120 ਤੋ 135 ।

10 ਅੰਕ - ਸ਼ਬਦ ਸੰਖਿਆ 200-250 ।

(4) ਹਰ ਪ੍ਰਸ਼ਨ ਦੇ ਸਾਹਮਣੇ ਅੰਕ ਲਿਖੇ ਗਏ ਹਨ ।

8

1 ਸਹੀ ਵਿਕਲਪ ਲਿਖੋ -

(1) ਦੂਜਿਆਂ ਦੀ ਨਕਲ ਕਰਨ ਵਾਲਿਆਂ ਨੂੰ ਕੀ ਕਿਹਾ ਜਾਂਦਾ ਹੈ ?

(ਨਕਲੀਐ, ਕਵਿ, ਨਚਨ ਵਾਲੇ)

(2) ਮੀਆਂ ਮੀਰ ਨੂੰ ਕੀ ਕਿਹਾ ਜਾਂਦਾ ਹੈ ?

(ਏਕਤਾ ਦੇ ਨੂਰ, ਮਹਾਪੁਰਸ਼, ਸਾਹਿਤਕਾਰ)

(3) ਚੰਡੀਗੜ ਸ਼ਹਿਰ ਦਾ ਚਿੰਨ ਕਿਹੜਾ ਹੈ ?

(ਕਮਲ, ਖੁਲਾ ਹੱਥ, ਸਾਇਕਲ)

(4) ਸਾਡੀ ਖੁਰਾਕ ਦੇ ਲੇਖਕ ਹਨ -

(ਜਸਵਿੰਦਰ ਕੌਰ, ਸ਼ੇਰ ਗਿਲ, ਕਰਨੈਲ ਸਿੰਘ)

(5) ਪਾਰਕ ਵਿਚ ਸਾਇਕਲ ਕੌਣ ਚਲਾ ਰਿਹਾ ਸੀ ?

(ਆਦਮੀ, ਕੁੜੀਆਂ, ਮੁੰਡੇ)

(6) ਫਰਾਂਸ ਵਿਚ ਕਿਸਦਾ ਜਨਮ ਹੋਇਆ ?

(ਮੀਆਂ ਮੀਰ, ਲੂਈ ਪੈਸਚਰ, ਕਰਨੈਲ ਸਿੰਘ)

(7) ਏਸ਼ੀਆ ਦਾ ਸਭ ਤੋਂ ਵਡਾ ਚਿੜੀਆਂ ਘਰ ਕਿਥੇ ਹੈ ?

(ਪੰਜਾਬ, ਗੁਜਰਾਤ, ਛੱਤਬੀੜ)

(8) ਸੁਰਿੰਦਰ ਸਿੰਘ ਨੇ ਕਿਹੜੀ ਕਹਾਣੀ ਲਿਖੀ ?

(ਸਾਡੀ ਖੁਰਾਕ, ਕਿਰਤ ਦਾ ਫਲ, ਮੈਂ ਤੁਹਾਡਾ ਦਿਲਰਗੀ)

2 ਖਾਲੀ ਥਾਂ ਭਰੋ : 8

(i) "ਇਹ ਹੈ ਸਾਡਾ ਯਾਰ ਪੁਰਾਨਾ" _____ ਕਵਿਤਾ ਵਿੱਚ ਲਿਆ ਗਿਆ ਹੈ ।

(ii) _____ ਦੀ ਦੋਸਤੀ ਦੀ ਮਿਸਾਲ ਅੱਜ ਵੀ ਦਿੱਤੀ ਜਾਂਦੀ ਹੈ ।

(iii) ਮਾਨ ਸਿੰਘ ਹਕੀਰ ਨੇ _____ ਕਵਿਤਾ ਲਿਖੀ ।

(iv) ਹਿਮਾਲਾ ਕਵਿਤਾ ਦੇ ਕਾਵਿ _____ ਹਨ ।

(v) ਧਨੀਰਾਮ ਚਾਤ੍ਰਿਕ ਨੇ _____ ਕਵਿਤਾ ਲਿਖੀ ।

(vi) ਸ਼ਹੀਦ ਕਵਿਤਾ _____ ਨੇ ਲਿਖੀ ।

(vii) _____ ਨੂੰ ਠੰਡੀ ਛਾਵਾਂ ਵਾਲਾ ਘੁਟਾ ਕਿਹਾ ਜਾਂਦਾ ਹੈ ।

(viii) ਵੀਰ ਰਸ ਦੇ ਕਵਿ _____ ਹਨ ।

3 ਇੱਕ ਸ਼ਬਦ ਵਿੱਚ ਉੱਤਰ ਦਿਓ : 8

(i) ਕ੍ਰਿਯਾ ਦੀ ਵਿਸ਼ੇਸ਼ਤਾ ਦਸਣ ਵਾਲੇ ਸ਼ਬਦ ਨੂੰ ਕੀ ਕਹਿੰਦੇ ਹਨ ?

(ii) ਕੁੜੀ ਦਾ ਬਹੁਵਚਨ ਲਿਖੋ ।

(iii) ਨੋਵੇਂ ਗੁਰੂ ਦਾ ਨਾਂ ਲਿਖੋ ।

(iv) "ਈਦ ਦਾ ਚੰਨ" ਮੁਹਾਵਰੇ ਦਾ ਕੀ ਅਰਥ ਹੈ ?

(v) ਸ਼ੇਹਰ ਦਾ ਸੁੱਧ ਰੂਪ ਲਿਖੋ ।

(vi) ਰਸ ਕਿਤਨੇ ਪ੍ਰਕਾਰ ਦੇ ਹੁੰਦੇ ਹਨ ?

(vii) ਕਠੌਰ ਦਾ ਵਿਰੋਧੀ ਸ਼ਬਦ ਕੀ ਹੈ ?

(viii) ਟਕਸਾਲ ਵਿਚ ਕੀ ਘੜੇ ਜਾਂਦੇ ਹਨ ?

4 ਵਿਸ਼ੇਸ਼ਣ ਦੀ ਪਰਿਭਾਸ਼ਾ ਲਿਖੋ । 1

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30 ਸ਼ਬਦਾ ਵਿੱਚ ਦਿਉ -

5 ਨਕਲੀਏ ਹੁਣ ਪੰਜਾਬ ਵਿਚ ਆਮ ਨਹੀਂ ਰਹੇ । ਕੋਈ ਦੋ ਕਾਰਨ ਲਿਖੋ । 2

ਜਾਂ

ਨਕਲੀਆਂ ਨੂੰ ਸਮਾਜ ਵਿਚ ਕਿਹੋ ਜਿਹਾ ਥਾਂ ਪ੍ਰਾਪਤ ਹੁੰਦਾ ਹੈ ?

6 ਬੂਟੇ ਵਿਹੜੇ ਦੀ ਨੂਕਰ ਵਿਚ ਕਿਉਂ ਉਗੇ ਹੋਏ ਸਨ ? 2

ਜਾਂ

ਸੰਤੁਲਿਤ ਭੋਜਨ ਕਿਸਨੂੰ ਆਖਦੇ ਹਨ ?

7 ਦਿਲ ਸਾਨੂੰ ਜੀਉਂਦਾ ਰੱਖਣ ਲਈ ਕੀ ਕੰਮ ਕਰਦਾ ਹੈ ? 3

ਜਾਂ

ਚਾਰਲੀ ਅਪਣੀ ਮਾਂ ਨੂੰ ਕਿਹੜੇ ਸ਼ਬਦਾਂ ਵਿਚ ਯਾਦ ਕਰਦਾ ਹੈ ?

8 ਮੀਆਂ ਮੀਰ ਅਨੁਸਾਰ ਇਕ ਬਾਦਸ਼ਾਹ ਨੂੰ ਕਿਹੋ ਜਿਹਾ ਹੋਣਾ ਚਾਹੀਦਾ ਹੈ ? 4

ਜਾਂ

ਸੱਚੇ ਪਰਉਪਕਾਰੀ ਕੋਣ ਹੁੰਦੇ ਹਨ ?

9 ਮਹਾਰਾਜਾ ਰਣਜੀਤ ਸਿੰਘ ਨੇ ਬੁੱਢੀ ਨੂੰ ਬਾਂਹ ਨਾਲ ਤਵਾ ਛੁਹਾਉਣ ਦੀ ਆਗਿਆ ਕਿਉਂ ਦਿੱਤੀ ? 4

ਜਾਂ

ਗੁਰੂ ਅਰਜਨ ਦੇਵ ਜੀ ਨੇ ਹਰਮਿੰਦਰ ਸਾਹਿਬ ਦੀ ਨੀਂਵ ਮੀਆਂ ਮੀਰ ਜੀ ਕੋਲੋਂ ਕਿਉਂ ਰਖਵਾਈ ?

10 ਪ੍ਰਸੰਗ ਸਹਿਤ ਵਿਆਖਿਆ ਕਰੋ - 5

"ਪੁੱਤਰ ਤੂੰ ਗਨੇ ਦੀ ਫਿਕਰ ਨਾ ਕਰ, ਬੀਮਾਰੀਨੇ ਉਸਦਾ ਇਹ ਹਾਲ ਕਰ ਦਿੱਤਾ ਹੈ, ਉਹ ਛੇਤੀ ਹੀ ਚੰਗੀ ਖੁਰਾਕ ਖਾਣ ਤੋਂ ਠੀਕ ਹੋ ਜਾਵੇਗਾ ।"

ਜਾਂ

"ਕਿਰਤ ਦਾ ਫਲ ਕਹਾਣੀ ਦੇ ਅਧਾਰ ਤੇ ਡਾ. ਸੁਰਿੰਦਰ ਸਿੰਘ ਦੀਆਂ ਸਾਹਿਤਿਕ ਵਿਸ਼ੇਸਤਾਵਾਂ ਲਿਖੋ ।"

ਪਦ ਭਾਗ (Poetry)

11 ਦੋਸਤੀ ਨਿੱਘ ਪਿਆਰ ਕਦੋਂ ਬਣ ਜਾਂਦੀ ਹੈ ? 2

ਜਾਂ

"ਹਿਮਾਲਾ" ਕਵਿਤਾ ਵਿਚ "ਚਿਟੀ ਦੇਹ" ਤੋਂ ਕੀ ਭਾਵ ਹੈ ?

12 "ਮਾਂ" ਕਵਿਤਾ ਦਾ ਭਾਵ ਅਪਣੇ ਸ਼ਬਦਾਂ ਵਿਚ ਲਿਖੋ । 2

ਜਾਂ

ਅਪਣੀ ਪੁਸਤਕ ਵਿਚੋਂ ਪੜੀ ਹੋਈ ਕਿਸੇ ਵੀ ਕਵਿਤਾ ਦੀਆਂ ਚਾਰ ਲਾਈਨਾਂ ਲਿਖੋ ।

13 ਹਿਮਾਲਾ ਨੇ ਭਾਰਤ ਮਾਂ ਦੀ ਸੇਵਾ ਕਿਵੇਂ ਕੀਤੀ ? 3

ਜਾਂ

ਦੌਲਤ ਨੇ ਅਪਣੇ ਆਪ ਨੂੰ ਸ਼ਕਤੀਵਾਨ ਸਿੱਧ ਕਰਨ ਲਈ ਕੀ ਕਿਹਾ ਹੈ ?

14 "ਸ਼ਹੀਦ" ਕਵਿਤਾ ਦਾ ਸਾਰਾਂਸ਼ ਅਪਣੇ ਸ਼ਬਦਾਂ ਵਿਚ ਲਿਖੋ । 4

ਜਾਂ

ਵਿਦਿਆ ਆਪਣਾ ਮਹੱਤਵ ਕਿਸ ਤਰਾਂ ਦੱਸਦੀ ਹੈ ?

15 'ਹਿੰਮਤ ਦੀ ਫਤਿਹ' ਕਵਿਤਾ ਕਿਸ ਕਵਿ ਨੇ ਲਿਖੀ ਹੈ ? ਕਵਿ ਦਾ ਨਾਂ ਦੱਸਦੇ ਹੋਏ ਕਵਿ ਦੀਆਂ ਕਾਵਗਤ ਵਿਸ਼ੇਸ਼ਤਾਵਾਂ ਲਿਖੋ । 4

ਜਾਂ

ਸ਼ਹੀਦ ਅਪਣੀ ਮਿੱਟੀ ਦੀ ਮੁੱਠ ਅਪਣੇ ਨਿਆਣੇ ਦੀ ਝੋਲੀ ਵਿਚ ਕਿਉਂ ਪਉਂਣੀ ਚਾਹੁੰਦਾ ਹੈ ?

16 ਪ੍ਰਸੰਗ ਸਹਿਤ ਵਿਆਖਿਆ ਕਰੋ - 5

"ਇਹ ਹੈ ਸਾਡਾ ਯਾਰ ਪੁਰਾਣਾ, ਅਸੀਂ ਵੀ ਇਸ ਦਾ ਸਾਥ ਨਿਭਾਇਏ ।
ਇਸ ਦੀ ਇਜੱਤ ਸਾਡੀਂ ਇਜੱਤ, ਇਸ ਦੇ ਦਰ ਤੇ ਸੀਸ ਨਿਵਾਇਏ ।"

ਜਾਂ

"ਅੰਦਰ ਅੰਦਰ ਵੜੱਨ ਜੱਕਦਾ ਕੀਕਰ ਜਾਵੇ ਕੋਲ ।
ਪੈਰ ਨਾ ਪੁੱਟੇ ਜਾਂਵਦੇ, ਸ਼ਬਦ ਨਾ ਹੁੱਕੇ ਬੋਲ ।"

ਵਿਆਕਰਣ (Grammar)

17 ਕਿਸੇ ਦੋ ਸ਼ਬਦਾਂ ਨੂੰ ਪੰਜਾਬੀ ਵਿਚ ਲਿਖੋ : **2**

(1) वर्जित (2) अन्धेरा

(3) शक्तिशाली

18 ਵਿਰੋਧੀ ਸ਼ਬਦ ਲਿਖੋ : (ਕੋਈ ਦੋ) **2**

(1) ਜਾਨਾ (2) ਬੁਰਾ

(3) ਕੁਵੇਲਾ

19 ਲਿੰਗ ਬਦਲੋ : (ਕੋਈ ਦੋ) **2**

(1) ਉਸਤਾਦ (2) ਤਾਈ

(3) ਕੁੜੀ

20 ਵਚਨ ਬਦਲੋ : (ਕੋਈ ਦੋ) **2**

(1) ਬਿੱਲੀ (2) ਕੁੜੀ

(3) ਇਸਤਰੀ

21 ਸ਼ਬਦ ਸ਼ੁਧ ਕਰਕੇ ਲਿਖੋ : (ਕੋਈ ਦੋ) **2**

(1) ਪਾਨੀ (2) ਪੰਜਮਾ

(3) ਵਸਤਰ

22 ਹੇਠ ਲਿਖੇ ਮੁਹਾਵਰਿਆਂ ਨੂੰ ਵਾਕ ਵਿਚ ਪ੍ਰਯੋਗ ਕਰੋ - **5**

(1) ਅੱਖਾਂ ਉਤੇ ਬਿਠਾਉਂਣਾ (2) ਅੱਤ ਚੁੱਕਣੀ

(3) ਸਾਹ ਮੁਕ ਜਾਣਾਂ (4) ਕੰਨਾਂ ਨੂੰ ਹੱਥ ਲਾਉਣਾ

(5) ਅਕਲ ਉਤੇ ਪਰਦਾ ਪੈਣਾ ।

23 ਨਿਬੰਧ ਲਿਖੋ : (ਕੋਈ 1) 10

(i) ਵਿਗਿਆਨ ਦੇ ਚਮਤਕਾਰ

(ii) ਪਾਣੀ ਦੀ ਬਚਤ ਕਰਨ ਦੇ ਤਰੀਕੇ

(iii) ਸਫਾਈ ਦਾ ਮਹੱਤਵ

(iv) ਗੁਰੂ ਨਾਨਕ ਦੇਵਜੀ

(v) ਖੇਡਾਂ ਦਾ ਮਹੱਤਵ

24 ਬਿਮਾਰ ਹੋਣ ਕਰਕੇ ਅਪਣੇ ਮੁਖ ਅਧਿਆਪਕ ਨੂੰ 3 ਦਿਨ ਦੀ ਛੁਟੀ ਵਾਸਤੇ ਬਿਨੈ ਪੱਤਰ ਲਿਖੋ । 5

ਜਾਂ

ਅਪਣੀ ਸਹੇਲੀ ਨੂੰ ਦਿਵਾਲੀ ਤੇ ਆਪਣੇ ਘਰ ਸਦਣ ਲਈ ਪੱਤਰ ਲਿਖੋ ।

25 ਹੇਠ ਲਿਖੇ ਪੈਰੇ ਨੂੰ ਪੜਕੇ ਪ੍ਰਸ਼ਨਾ ਦੇ ਉੱਤਰ ਦਿਓ - 5

ਅੱਜ ਸਾਰੇ ਦੇਸ਼ਾਂ ਵਿੱਚ ਆਤੰਕਵਾਦ ਦਾ ਜ਼ਹਿਰ ਬੁਰੀ ਤਰਾਂ ਫੈਲਿਆ ਹੋਇਆ ਹੈ । ਇਸ ਆਤੰਕਵਾਦ ਰੂਪੀ ਸੱਪ ਨੇ ਸਾਡੇ ਦੇਸ਼ ਨੂੰ ਇਸ ਤਰਾਂ ਜੱਕੜ ਰੱਖਿਆ ਹੈ, ਕਿ ਅਸੀਂ ਪੂਰੀ ਤਰਾਂ ਇਸਦੇ ਚੰਗੁਲ ਤੋਂ ਨਿਕਲ ਨਹੀਂ ਸਕ ਰਹੇ ਹਾਂ । ਅੱਜ ਹਰ ਮਨੁੱਖ ਸਟੇਸ਼ਨ, ਸਿਨੇਮਾਘਰ, ਰੇਲ, ਬੱਸ ਅਤੇ ਜਹਾਜ਼, ਹਰ ਜਗਾਹ ਤੇ ਅਪਣੇ ਆਪ ਨੂੰ ਅਸੁਰਕਸ਼ਿਤ ਮਹਿਸੂਸ ਕਰ ਰਹੇ ਹਾਂ ।

ਅਪਣੀ ਗੱਲ ਨੂੰ ਜਬਰਦਸਤੀ ਆਤੰਕ ਫੈਲਾ ਕੇ ਮਨਵਾਲਾ ਹੀ ਆਤੰਕਵਾਦ ਹੈ । ਅਪਣੇ ਹਕ ਨੂੰ ਮੰਗਣਾ ਉਚਿਤ ਹੈ ਪਰ ਦੂਸਰੇ ਦੀ ਮੰਜੂਰੀ ਨਾ ਮਿਲਣ ਤੇ ਅਪਣੀ ਗੱਲ ਤਾਕਤ ਨਾਲ ਸਨਵਾਲਾ ਹੀ ਆਤੰਕਵਾਦ ਹੈ । ਕਈ ਆਤੰਕਵਾਦੀ ਬਹੁਤ ਸਾਰਾ ਪੈਸਾ ਲੁਟਣ ਦੇ ਲਾਲਚ ਵਿਚ ਨਿਰਦੋਸ਼ਾ ਦੀ ਜਾਨ ਲੈ ਲੈਂਦੇ ਹਨ । ਅੱਜ ਆਤੰਕਵਾਦ ਸਾਰੇ ਸੰਸਾਰ ਵਿਚ ਫੈਲ ਰਿਹਾ ਹੈ । ਇਕ ਦੂਜੇ ਨੂੰ ਨੀਂਵਾ ਦਿਖਾਣ ਵਾਸਤੇ ਕਈ ਦੇਸ਼ ਵੀ ਪਿਛੇ ਨਹੀਂ ਹਨ ।

ਪ੍ਰਸ਼ਨ :

(1) ਇਸ ਪੈਰੇ ਦਾ ਸ਼ੀਰਸ਼ਕ ਦਿਓ । 1

(2) ਆਤੰਕਵਾਦ ਦਾ ਜ਼ਹਿਰ ਕਿੱਥੇ ਫੈਲ ਰਿਹਾ ਹੈ ? 1

(3) ਅਸੀਂ ਕਿਹੜੀਆਂ ਥਾਵਾਂ ਦੇ ਆਪਣੇ ਆਪ ਨੂੰ ਅਸ਼ੁਰਕਾਸ਼ਿਤ ਮਹਿਸੂਸ ਕਰ ਰਹੇ ਹਾਂ ? 1

(4) ਆਤੰਕ ਕਿਉਂ ਫੈਲ ਰਿਹਾ ਹੈ ? 1

(5) ਪੈਸਾ ਲੁੱਟਣ ਵਾਸਤੇ ਕੀ ਕੀਤਾ ਜਾਂਦਾ ਹੈ ? 1

0000664 0000664 0000664 0000664 0000664